ਜੋ ਕੋਈ ਸਾਡੇ ਇਸ ਮਾਮਲੇ ਵਿੱਚ ਕੋਈ ਨਵੀਂ ਚੀਜ਼ ਘੜਦਾ ਹੈ ਜੋ ਇਸ ਦਾ ਹਿੱਸਾ ਨਹੀਂ ਹੈ, ਉਹ ਰੱਦ ਕੀਤਾ ਗਿਆ ਹੈ।

"ਉਮੁਲ ਮੁਅਮੀਨੀਂ, ਉਮੀ ਅਬਦੁੱਲਾਹ ਆਇਸ਼ਾ ਰਜ਼ੀਅੱਲਾਹੁ ਅਨਹਾ ਤੋਂ ਰਿਵਾਇਤ ਹੈ ਕਿ ਉਨ੍ਹਾਂ ਨੇ
ਕਿਹਾ: ਰਸੂਲੁੱਲਾਹ صلى الله عليه وسلم ਨੇ ਫਰਮਾਇਆ:" "ਜੋ ਕੋਈ ਸਾਡੇ ਇਸ ਮਾਮਲੇ ਵਿੱਚ ਕੋਈ ਨਵੀਂ ਚੀਜ਼ ਘੜਦਾ ਹੈ ਜੋ ਇਸ
ਦਾ ਹਿੱਸਾ ਨਹੀਂ ਹੈ, ਉਹ ਰੱਦ ਕੀਤਾ ਗਿਆ ਹੈ।" "ਮੁਸਲਿਮ ਦੀ ਰਿਵਾਇਤ ਵਿੱਚ ਹੈ: ਜੋ ਕੋਈ ਅਜਿਹਾ ਅਮਲ
ਕਰਦਾ ਹੈ ਜਿਸ ਬਾਰੇ ਸਾਡੇ ਉੱਤੇ ਕੋਈ ਹੁਕਮ ਨਹੀਂ ਹੈ, ਉਹ ਰੱਦ ਕੀਤਾ ਗਿਆ ਹੈ।"
[صحيح] [رواه البخاري ومسلم]

ਨਬੀ صلى الله عليه وسلم ਦੱਸਦੇ ਹਨ ਕਿ ਜਿਸ ਨੇ ਦੀਨ ਵਿੱਚ ਕੋਈ ਇਹੋ ਜਿਹੀ ਨਵੀਂ ਚੀਜ਼ ਸ਼ਾਮਿਲ ਕੀਤੀ ਜਾਂ ਇਹੋ ਜਿਹਾ ਕੋਈ ਨਵਾਂ ਕੰਮ ਕੀਤਾ ਜੋ ਕੁਰਆਨ ਅਤੇ ਹਦੀਸ ਤੋਂ ਸਾਬਤ ਨਾ ਹੋਵੇ, ਤਾਂ ਉਸ ਨੂੰ ਉਸਦੇ ਮੂੰਹ 'ਤੇ ਮਾਰ ਦਿੱਤਾ ਜਾਵੇਗਾ ਅਤੇ ਅੱਲਾਹ ਵੱਲੋਂ ਕਬੂਲ ਨਹੀਂ ਕੀਤਾ ਜਾਵੇਗਾ।

https://sunnah.global/hadeeth/pa/show/66514